Punjab Government Gazette

Published by Authority

No. 20] CHANDIGARH, FRIDAY, MAY 15, 2026 (VAISAKHA 25 , 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਯੋਜਨਾਬੰਦੀ ਵਿਭਾਗ

(ਯੋਜਨਾ ਸ਼ਾਖਾ)

Email ID: planning.branch@punjab.gov.in

ਹੁਕਮ

ਮਿਤੀ 07 ਅਗਸਤ, 2023

ਨੰ: 01/01/2010-2ਪੀ/254.- ਸ਼੍ਰੀਮਤੀ ਇੰਦਰਜੀਤ ਕੌਰ, ਖੋਜ ਅਫਸਰ, ਪੰਜਾਬ ਰਾਜ ਯੋਜਨਾ ਬੋਰਡ (ਹੁਣ ਆਰਥਿਕ ਨੀਤੀ ਅਤੇ ਯੋਜਨਾ ਬੋਰਡ) ਪਤਨੀ ਸ਼੍ਰੀ ਕਸ਼ਮੀਰੀ ਲਾਲ, ਵਾਸੀ ਮਕਾਨ ਨੰ: 71/74, ਤੀਜੀ ਮੰਜ਼ਿਲ, ਪ੍ਰੇਮ ਨਗਰ, ਜਨਕਪੁਰੀ, ਨਵੀਂ ਦਿੱਲੀ ਨੂੰ ਮਿਤੀ 09.02.2018 ਤੋਂ ਲਗਾਤਾਰ ਡਿਊਟੀ ਤੋਂ ਅਣ-ਅਧਿਕਾਰਤ ਤੌਰ ਤੇ ਗੈਰ-ਹਾਜ਼ਰ ਰਹਿਣ ਕਰਕੇ ਯੋਜਨਾਬੰਦੀ ਵਿਭਾਗ ਦੇ ਪੱ:ਨੰ: 01/01/2020-2ਪੀ/1413732/1-2, ਮਿਤੀ 07.02.2019 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮ, 1970 ਦੇ ਨਿਯਮ 8 ਅਧੀਨ ਹੇਠ ਲਿਖੇ ਦੋਸ਼ਾਂ ਤਹਿਤ ਚਾਰਜਸ਼ੀਟ ਜਾਰੀ ਕੀਤੀ ਗਈ ਸੀ:-

1) ਸ਼੍ਰੀਮਤੀ ਇੰਦਰਜੀਤ ਕੌਰ, ਖੋਜ ਅਫਸਰ ਦੇ ਬਿਨ੍ਹਾਂ ਛੁੱਟੀ ਮੰਨਜੂਰ ਕਰਵਾਏ ਅਣ-ਅਧਿਕਾਰਤ ਤੌਰ ਤੇ ਮਨਮਰਜੀ ਨਾਲ ਡਿਊਟੀ ਤੋਂ ਗੈਰਹਾਜ਼ਰ ਰਹਿਣ ਦੀ ਆਦੀ ਹੋਣਾ ਅਤੇ ਮਿਤੀ 09.02.2018 ਤੋਂ ਲਗਾਤਾਰ ਡਿਊਟੀ ਤੋਂ ਗੈਰਹਾਜ਼ਰ ਰਹਿਣਾ ਅਤੇ ਸੈਕਿੰਡ ਮੈਡੀਕਲ ਉਪੀਨੀਅਨ ਲਈ ਮੈਡੀਕਲ ਅਫਸਰ ਸਾਹਮਣੇ ਹਾਜ਼ਰ ਹੋਣ ਲਈ ਦਫਤਰ ਵੱਲੋਂ ਕੀਤੇ ਹੁਕਮਾਂ ਦੀ ਪਾਲਣਾ-ਨਾ ਕਰਨਾ।

2) ਬਿਨ੍ਹਾਂ ਸਟੇਸ਼ਨ ਲੀਵ ਪ੍ਰਵਾਨ ਕਰਵਾਏ ਮੁੱਖ ਸਥਾਨ ਛੱਡਣਾ ਅਤੇ ਆਪਣੇ ਦਿੱਲੀ ਵਿਖੇ ਸਥਿਤ ਘਰ ਤੋਂ ਫੈਕਸ ਰਾਹੀਂ ਮਨਮਰਜ਼ੀ ਨਾਲ ਛੁੱਟੀਆਂ ਭੇਜਣਾ।

3) ਦਫ਼ਤਰ ਤੋਂ ਮਨਮਰਜ਼ੀ ਨਾਲ ਗੈਰ-ਹਾਜ਼ਰ ਹੋ ਕੇ ਦਫ਼ਤਰ ਦੇ ਕੰਮ ਦਾ ਹਰਜ਼ਾ ਕਰਨ ਅਤੇ ਸਰਕਾਰ ਦੇ ਨਿਯਮਾਂ/ਹਦਾਇਤਾਂ ਦੀ ਉਲੰਘਣਾ ਕਰਨਾ।

2. ਸ਼੍ਰੀਮਤੀ ਇੰਦਰਜੀਤ ਕੌਰ, ਖੋਜ ਅਫਸਰ ਨੂੰ ਸਰਕਾਰ ਵਲੋਂ ਜਾਰੀ ਕੀਤੀ ਚਾਰਜਸੀਟ ਮਿਤੀ 07.02.2019 ਦੇ ਸਬੰਧ ਵਿੱਚ ਉਨ੍ਹਾਂ ਨੂੰ ਨਿਸ਼ਚਿਤ ਕੀਤੇ ਸਮੇਂ ਦੇ ਅੰਦਰ-ਅੰਦਰ ਦੋਸ਼ ਸੂਚੀ ਦਾ ਲੋੜੀਂਦਾ ਜਵਾਬ ਦੇਣ ਲਈ ਲਿਖਿਆ ਗਿਆ ਸੀ, ਪ੍ਰੰਤੂ ਉਨ੍ਹਾਂ ਵੱਲੋਂ ਇਸ ਸਬੰਧੀ ਕੋਈ ਵੀ ਜਵਾਬ ਪ੍ਰਾਪਤ ਨਹੀਂ ਹੋਇਆ। ਇਸ ਉਪਰੰਤ ਉਨ੍ਹਾਂ ਨੂੰ ਸਰਕਾਰ ਵਲੋਂ ਆਪਣੇ ਪੱਤਰ ਮਿਤੀ 19-03-2019 ਅਤੇ 13-05-2019 ਰਾਹੀਂ ਮੁੜ ਲੋੜੀਂਦਾ ਜਵਾਬ ਦੇਣ ਲਈ ਲਿਖਿਆ ਗਿਆ ਕਿ ਲੋੜੀਂਦਾ ਜਵਾਬ ਨਾ ਦੇਣ ਦੀ

ਸੂਰਤ ਵਿੱਚ ਉਨ੍ਹਾਂ ਦੀ ਲਗਾਤਾਰ ਚਲਦੀ ਗੈਰਹਾਜ਼ਰੀ ਕਰਕੇ ਉਨ੍ਹਾਂ ਵਿਰੁੱਧ ਨਿਯਮਾਂ/ਹਦਾਇਤਾਂ ਅਨੁਸਾਰ ਇੱਕ ਤਰਫਾ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ। ਪ੍ਰੰਤੂ ਉਨ੍ਹਾਂ ਵਲੋਂ ਇਸ ਸਬੰਧੀ ਕੋਈ ਵੀ ਜਵਾਬ ਪ੍ਰਾਪਤ ਨਹੀਂ ਹੋਇਆ। ਇਸ ਉਪਰੰਤ ਸਰਕਾਰ ਵੱਲੋਂ ਮਿਤੀ 21-11-2019 ਨੂੰ ਹਿੰਦੂਸਤਾਨ ਟਾਈਮਜ਼ (ਪੰਜਾਬ ਅਡੀਸ਼ਨ), ਹਿੰਦੂਸਤਾਨ ਟਾਈਮਜ਼ (ਦਿੱਲੀ ਅਡੀਸ਼ਨ) ਅਤੇ ਅੰਗਰੇਜ਼ੀ ਟ੍ਰਿਬਿਊਨ ਅਖਬਾਰਾਂ ਵਿੱਚ ਪਬਲਿਕ ਨੋਟਿਸ ਪ੍ਰਕਾਸ਼ਿਤ ਕਰਦੇ ਹੋਏ ਉਨ੍ਹਾਂ ਨੂੰ ਸਰਕਾਰ ਵੱਲੋਂ ਮਿਤੀ 07-02-2019 ਰਾਹੀਂ ਜਾਰੀ ਕੀਤੀ ਚਾਰਜਸ਼ੀਟ ਦਾ ਜਵਾਬ ਦੇਣ ਲਈ ਆਖਰੀ ਮੌਕਾ ਵੀ ਦਿੱਤਾ ਗਿਆ ਪ੍ਰੰਤੂ ਸਬੰਧਤ ਅਧਿਕਾਰਨ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ।

3. ਸਰਕਾਰ ਵਲੋਂ ਜਾਰੀ ਕੀਤੀ ਚਾਰਜਸ਼ੀਟ ਮਿਤੀ 07-02-2019 ਦੇ ਸਬੰਧ ਵਿੱਚ ਸ਼੍ਰੀਮਤੀ ਇੰਦਰਜੀਤ ਕੌਰ, ਖੋਜ ਅਫਸਰ ਵੱਲੋਂ ਦੋਸ਼ ਪੱਤਰ ਦਾ ਕੋਈ ਜਵਾਬ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਇਸ ਕੇਸ ਦੀ ਮੁਢਲੀ ਪੜਤਾਲ ਕਰਵਾਉਣ ਲਈ ਡਾ. ਅਰਵਿੰਦਰ ਸਿੰਘ, ਆਈ.ਏ.ਐਸ.(ਰਿਟਾ:) ਨੂੰ ਸਰਕਾਰ ਦੇ ਪੱਤਰ ਨੰ: PLAN-PLAN01(APNT)/4/2020-2P/1/14695/2020, ਮਿਤੀ 09.03.2020 ਰਾਹੀਂ ਬਤੌਰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ। ਇਸ ਤਰ੍ਹਾਂ ਸਰਕਾਰ ਵੱਲੋਂ ਨਿਯੁਕਤ ਕੀਤੇ ਪੜਤਾਲੀਆ ਅਫਸਰ ਵੱਲੋਂ ਪੇਸ਼ ਕੀਤੀ ਪੜਤਾਲ ਰਿਪੋਰਟ ਮਿਤੀ 03.03.2021 ਰਾਹੀਂ ਸ਼੍ਰੀਮਤੀ ਇੰਦਰਜੀਤ ਕੌਰ, ਖੋਜ ਅਫਸਰ ਵਿਰੁੱਧ ਜਾਰੀ ਦੋਸ਼ ਸੂਚੀ ਵਿੱਚ ਲਗਾਏ ਦੋਸ਼ਾਂ ਦਾ ਸਿੱਟਾ ਕਢਦੇ ਹੋਏ ਤਿੰਨੇ ਦੋਸ਼ ਸਿੱਧ ਕੀਤੇ ਗਏ।

4. ਜਿਵੇਂ ਕਿ ਸਰਕਾਰ ਵੱਲੋਂ ਆਪਣੇ ਪੱਤਰ ਨੰ:01/01/2010-2ਪੀ/71, ਮਿਤੀ 01.04.2021 ਰਾਹੀਂ ਪੜਤਾਲੀਆ ਅਫਸਰ ਵੱਲੋਂ ਪ੍ਰਾਪਤ ਹੋਈ ਪੜਤਾਲ ਰਿਪੋਰਟ ਮਿਤੀ 03.03.2021 ਦੀ ਕਾਪੀ ਸ਼੍ਰੀਮਤੀ ਇੰਦਰਜੀਤ ਕੌਰ, ਖੋਜ ਅਫਸਰ ਨੂੰ ਭੇਜਦੇ ਹੋਏ ਇਸ ਸਬੰਧੀ ਜੇਕਰ ਕੋਈ ਇੰਦਰਾਜ਼ ਹੋਵੇ ਤਾਂ ਜਵਾਬ ਭੇਜਣ ਲਈ ਲਿਖਿਆ ਗਿਆ ਸੀ। ਇਸ ਦੇ ਇਵਜ ਵਿੱਚ ਉਨ੍ਹਾਂ ਵੱਲੋਂ ਆਪਣੇ ਪੱਤਰ ਮਿਤੀ 03.05.2021 ਰਾਹੀਂ ਜਵਾਬ ਭੇਜਦੇ ਹੋਏ, ਨਿੱਜੀ ਸੁਣਵਾਈ ਦੀ ਮੰਗ ਕੀਤੀ ਗਈ। ਉਨ੍ਹਾਂ ਵੱਲੋਂ ਕੀਤੀ ਮੰਗ ਨੂੰ ਵੇਖਦੇ ਹੋਏ ਪ੍ਰਮੁੱਖ ਸਕੱਤਰ, ਯੋਜਨਾਬੰਦੀ ਵਿਭਾਗ ਵੱਲੋਂ ਮਿਤੀ 13.08.2021 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ। ਪਰੰਤੂ ਉਹਨਾਂ ਵੱਲੋਂ ਆਪਣੇ ਪੱਤਰ ਮਿਤੀ 08.08.2021 ਰਾਹੀਂ ਨਿੱਜੀ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਨਿੱਜੀ ਸੁਣਵਾਈ ਲਈ ਅਗਲੀ ਮਿਤੀ ਦੇਣ ਲਈ ਬੇਨਤੀ ਕੀਤੀ ਗਈ। ਉਪਰੰਤ ਸਰਕਾਰ ਵੱਲੋਂ ਮੁੜ ਮਿਤੀ 27.08.2021 ਨੂੰ ਉਨ੍ਹਾਂ ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ, ਪ੍ਰੰਤੂ ਉਹ ਮੁੜ ਸੁਣਵਾਈ ਲਈ ਹਾਜ਼ਰ ਨਹੀਂ ਹੋਈ। ਇਸ ਤੋਂ ਬਾਅਦ ਮਿਤੀ 09.09.2021 ਨੂੰ ਸਬੰਧਤ ਅਧਿਕਾਰਨ ਦੀ ਨਿੱਜੀ ਸੁਣਵਾਈ ਨਿਸ਼ਚਿਤ ਕੀਤੀ ਗਈ, ਜੋ ਕਿ ਉਨ੍ਹਾਂ ਵੱਲੋਂ ਅਟੈਂਡ ਕੀਤੀ ਗਈ ਅਤੇ ਉਨ੍ਹਾਂ ਵੱਲੋਂ ਮੰਨਿਆ ਗਿਆ ਹੈ ਕਿ ਉਹ ਸਾਲ 2018 ਤੋਂ ਦਫ਼ਤਰ ਹਾਜ਼ਰ ਨਹੀਂ ਹੋ ਰਹੀ ਹੈ।

5. ਜਿਵੇਂ ਕਿ ਸ਼੍ਰੀਮਤੀ ਇੰਦਰਜੀਤ ਕੌਰ, ਖੋਜ ਅਫ਼ਸਰ, ਪੰਜਾਬ ਰਾਜ ਯੋਜਨਾ ਬੋਰਡ (ਹੁਣ ਇਕਨਾਮਿਕ ਪਾਲਿਸੀ ਅਤੇ ਪਲਾਨਿੰਗ ਬੋਰਡ) ਨੂੰ ਸਰਕਾਰ ਵੱਲੋਂ ਜਾਰੀ ਕੀਤੀ ਚਾਰਜਸ਼ੀਟ ਵਿੱਚ ਦਰਸਾਏ ਦੋਸ਼ਾਂ ਵਿਰੁੱਧ ਪੜਤਾਲੀਆ ਅਫ਼ਸਰ ਵੱਲੋਂ ਪ੍ਰਾਪਤ ਹੋਈ ਪੜਤਾਲੀਆ ਰਿਪੋਰਟ ਅਤੇ ਸਬੰਧਤ ਅਧਿਕਾਰਨ ਵੱਲੋਂ ਪੜਤਾਲੀਆਂ ਰਿਪੋਰਟ ਦੇ ਸਬੰਧ ਵਿੱਚ ਪ੍ਰਾਪਤ ਹੋਏ ਜਵਾਬ ਅਤੇ ਨਿੱਜੀ ਸੁਣਵਾਈ ਦੌਰਾਨ ਪੇਸ਼ ਕੀਤੇ ਤੱਥਾਂ ਨੂੰ ਵਿਚਾਰਨ ਉਪਰੰਤ ਅਧਿਕਾਰਨ ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮ, 1970 ਦੇ ਪਾਰਟ-III (5) ਅਧੀਨ 'Compulsory Retirement' ਦੀ ਸਜ਼ਾ ਦੇਣ ਦਾ ਸਿਧਾਂਤਕ ਫੈਸਲਾ ਕੀਤਾ ਗਿਆ। ਇਸ ਫੈਸਲੇ/ਸਜ਼ਾ ਨੂੰ ਅੰਤਮ ਰੂਪ ਦੇਣ ਤੋਂ ਪਹਿਲਾਂ ਸਰਕਾਰ ਵੱਲੋਂ ਪੱਤਰ ਨੰ: 01/01/2010-2ਪੀ/6, ਮਿਤੀ 14.01.2022 ਰਾਹੀਂ ਇਸ ਸਬੰਧੀ ਸਿਧਾਂਤਕ ਫੈਸਲੇ ਦੀ ਪ੍ਰਵਾਨਗੀ ਪ੍ਰਾਪਤ ਕਰਨ ਲਈ ਇਹ ਮਾਮਲਾ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਨਾਲ ਟੇਕ-ਅੱਪ ਕੀਤਾ ਗਿਆ।

6. ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵੱਲੋਂ ਆਪਣੇ ਪੱਤਰ ਨੰ: 621/2022/ਅ-7/1123, ਮਿਤੀ 30.05.2022 ਰਾਹੀਂ ਸ਼੍ਰੀਮਤੀ ਇੰਦਰਜੀਤ ਕੌਰ, ਖੋਜ ਅਫਸਰ ਨੂੰ ਸਾਲ 2018 ਤੋਂ ਡਿਊਟੀ ਤੋਂ ਗੈਰ-ਹਾਜ਼ਰ ਰਹਿਣ ਕਰਕੇ ਅਧਿਕਾਰਨ ਦੀ 'Compulsory Retirement' ਦੀ ਸਜ਼ਾਂ ਨੂੰ ਵਾਧਾ ਕੇ 'Dismissal from service' ਦੀ ਸਜ਼ਾ ਦੀ ਪ੍ਰਵਾਨਗੀ ਦਿੱਤੀ ਗਈ।

7. ਉਪਰੋਕਤ ਅਨੁਸਾਰ ਮੁਕੰਮਲ ਪ੍ਰਕਿਰਿਆ ਅਤੇ ਸਥਾਪਿਤ ਵਿਧੀ ਅਪਣਾਉਂਦੇ ਹੋਏ ਪੜਤਾਲੀਆ ਅਫ਼ਸਰ ਵੱਲੋਂ ਪੇਸ਼ ਕੀਤੀ ਪੜਤਾਲੀਆ ਰਿਪੋਰਟ ਅਤੇ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵੱਲੋਂ ਪ੍ਰਾਪਤ ਹੋਈ ਪ੍ਰਵਾਨਗੀ ਦੇ ਆਧਾਰ ਤੇ ਸ਼੍ਰੀਮਤੀ ਇੰਦਰਜੀਤ ਕੌਰ, ਖੋਜ ਅਫਸਰ, ਪੰਜਾਬ ਰਾਜ ਯੋਜਨਾ ਬੋਰਡ (ਹੁਣ ਆਰਥਿਕ ਨੀਤੀ ਅਤੇ ਯੋਜਨਾ ਬੋਰਡ) ਪਤਨੀ ਸ਼੍ਰੀ ਕਸ਼ਮੀਰੀ ਲਾਲ, ਵਾਸੀ ਮਕਾਨ ਨੰ:71/74, ਤੀਜੀ ਮੰਜ਼ਿਲ, ਪ੍ਰੇਮ ਨਗਰ, ਜਨਕਪੁਰੀ, ਨਵੀਂ ਦਿੱਲੀ ਨੂੰ ਮਿਤੀ 09.02.2018 ਤੋਂ ਲਗਾਤਾਰ

ਡਿਊਟੀ ਤੋਂ ਅਣ-ਅਧਿਕਾਰਤ ਤੌਰ ਤੇ ਗੈਰ-ਹਾਜ਼ਰ ਰਹਿਣ ਕਰਕੇ ਅਧਿਕਾਰਨ ਨੂੰ ਜਾਰੀ ਹੋਈ ਚਾਰਜ਼ਸ਼ੀਟ ਦਾ ਫੈਸਲਾ ਕਰਦੇ ਹੋਏ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮ 1970 ਦੇ ਪਾਰਟ-III (5) ਅਧੀਨ ਸਰਕਾਰੀ ਸੇਵਾ ਤੋਂ ਡਿਸਮਿਸਲ ਦੀ ਸਜ਼ਾ ਦਿੱਤੀ ਜਾਂਦੀ ਹੈ।

8. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ।

ਵਿਕਾਸ ਪ੍ਰਤਾਪ

ਚੰਡੀਗੜ੍ਹ
ਮਿਤੀ 4 ਅਗਸਤ, 2023

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ

3716/5-2026/Pb. Govt. Press, S.A.S. Nagar